# ਬੇਬੇ ਰਾਮ ਭਜਨੀ

**ਪਾਤਰ**

ਬੇਬੇ ਰਾਮ ਭਜਨੀ - ਦੁਨੀਆ ਤੋਂ ਨਿਰਾਸ ਅੱਧਖੜ ਤੀਵੀਂ
ਸ਼ਾਮ ਦਾਸ - ਉਸ ਦਾ ਪਤੀ
ਦੋ ਜੁਆਰੀਏ - ਸ਼ਾਮ ਦਾਸ ਦੇ ਦੋਸਤ
ਇਕ ਬੁੱਢੀ - ਰਾਮ ਭਜਨੀ ਦੀ ਗੁਆਂਢਣ
ਇਕ ਮੁਟਿਆਰ - ਗੁਆਂਢਣ ਦੀ ਨੂੰਹ
ਇਕ ਸਾਧੂ
ਇਕ ਪਾਂਧਾ

ਝਾਕੀ : ਸ਼ਹਿਰ ਦੀ ਗਲੀ ਵਿਚ ਮਕਾਨ ਹੈ। ਸਾਹਮਣੇ ਕਮਰੇ ਵਿਚ ਰਾਮ ਭਜਨੀ ਪੂਜਾ ਦੀਆਂ ਚੀਜ਼ਾਂ ਸੰਭਾਲ ਕੇ ਇਕ ਪਾਸੇ ਰਖਦੀ ਪਈ ਹੈ ਤੇ ਨਾਲੇ ਗੁਣਗੁਣਾਉਂਦੀ ਹੈ, "ਰਾਮ ਈ ਰਾਮ, ਰਾਮ ਈ ਰਾਮ, ਰਾਮ ਸਵਾਰੇ ਸਭ ਕੇ ਕਾਮ।" ਗੁਆਂਢਣ ਦੇ ਨੇੜੇ ਰਾਮ ਭਜਨੀ ਆ ਬੈਠਦੀ ਹੈ।

ਵੇਲਾ : ਢਲਦੀਆਂ ਦੁਪਹਿਰਾਂ

ਰਾਮ ਭਜਨੀ : ਬੇਬੇ, ਮੈਂ ਅੱਜ ਤੋਂ ਦੁਨੀਆ ਛੱਡੀ। ਕੀ ਰਖਿਆ ਹੈ ਦੁਨੀਆ ਵਿਚ। ਜਿਹੜੇ ਚਾਰ ਦਿਹਾੜੇ ਹੋਰ ਰਹਿੰਦੇ ਨੇ, ਉਹ ਤੀਰਥਾਂ 'ਤੇ ਕਟਾਂਗੀ। ਸਭ ਦਾਨ ਕਰ ਦੇਣਾ ਏ ਤੇ ਰਾਮ ਨਾਮ ਈ ਜਪਣਾ ਏ।

ਗੁਆਂਢਣ : ਭੈਣ, ਧੰਨ ਜਨਮ ਏ ਤੇਰਾ। ਇਸ ਤੋਂ ਵਧ ਕੇ ਹੋਰ ਚੰਗੀ ਗੱਲ ਕੀ ਏ ਪਈ ਦਾਨ-ਪੁੰਨ ਕਰੇਂ ਤੇ ਤੀਰਥੀਂ ਜਾ ਕੇ ਆਪਣੇ ਹੱਡ ਸੁੱਚੇ ਕਰੇਂ। ਰਾਮ ਬਥੇਰਾ ਦਿੱਤਾ ਹੋਇਆ ਏ।

ਰਾਮ ਭਜਨੀ : ਸਾਡੇ ਲਈ ਤਾਂ ਥੋੜ੍ਹਾ ਵੀ ਬਥੇਰਾ ਏ, ਬੇਬੇ ! ਤੇ ਬਾਕੀ ਛੱਡ ਵੀ ਕੀਹਦੇ ਲਈ ਜਾਈਏ ? ਸਾਡਾ ਪਿਛੋਂ ਕੌਣ ਏ ਸਾਂਭਣ ਵਾਲਾ ? ਬੇਬੇ ! ਤੈਨੂੰ ਦਸਾਂ, ਪਈ ਅੱਜ ਮੇਰੇ ਜੀਅ ਵਿਚ ਕੀ ਪਈ ਆਉਂਦੀ ਹੈ ?

ਗੁਆਂਢਣ : ਦੱਸ, ਸੌ ਵਾਰੀ ਦੱਸ। ਨਾ, ਮੈਂ ਤੇ ਤੂੰ ਕੋਈ ਦੋ ਆਂ ?

ਰਾਮ ਭਜਨੀ : ਤੂੰ ਮੈਨੂੰ ਭੈਣਾਂ ਦੇ ਥਾਂ ਏਂ, ਸਗੋਂ ਭੈਣਾਂ ਨਾਲੋਂ ਵੀ ਵਧ ਕੇ ਏਂ। ਮੈਂ ਤੈਨੂੰ ਦੱਸਨੀ ਆਂ। ਅੱਜ ਸਵੇਰੇ ਪਰਮੇਸ਼ਰਾਂ ਦੇ ਵੇਲੇ ਤੋਂ ਮੇਰੇ ਜੀਅ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਗੁਆਂਢਣ | : ਪੜੋਸਣ |
| ਵੇਲਾ | : ਸਮਾਂ |
| 'ਤੇ | : ਉੱਤੇ |
| ਬਥੇਰਾ | : ਬਹੁਤ ਜ਼ਿਆਦਾ |
| ਪਈ | : ਬਈ (ਸੰਬੋਧਨੀ ਸ਼ਬਦ) |

**ਔਖੇ ਸ਼ਬਦਾਂ ਦੇ ਅਰਥ**

ਆਗਮਦੀ : ਆਉਂਦੀ
ਹੱਥੀਂ : ਹੱਥਾਂ ਨਾਲ
ਗੋਚਰਾ : ਲਈ, ਲਾਇਕ

ਵਿਚ ਕੀ ਪਈ ਆਗਮਦੀ ਏ। ਮੈਂ ਅੱਜ ਪੂਜਾ ਬੜੀ ਸਵੇਰੇ ਕਰ ਲਈ ਸੀ ਤੇ ਤੇਰੇ ਵੱਲ ਆਉਣ ਹੀ ਵਾਲੀ ਸਾਂ।

ਗੁਆਂਢਣ : ਹਾਂ ! ਹਾਂ !! ਦੱਸ ਫੇਰ।

ਰਾਮ ਭਜਨੀ : ਸੁਣ, ਮੇਰੀ ਮਰਜ਼ੀ ਏ ਪਈ ਜੋ ਕੁਝ ਮੇਰੇ ਕੋਲ ਏ, ਮੈਂ ਆਪਣੇ ਹੱਥੀਂ ਦੇ ਲਵਾਂ। ਉਹਨੇ ਸ਼ਰਾਬ ਤੇ ਜੂਏ ਦੇ ਮੂੰਹ ਏਨਾ ਉਜਾੜਿਆ ਏ, ਉਹ ਕਿਸ ਕੰਮ ਆਇਆ ? ਮੈਂ ਕਹਿਨੀ ਆਂ ਪਈ ਜਿਤਨਾ ਵੀ ਰਾਮ ਦੇ ਨਾਂ ਦਿੱਤਾ ਜਾਏ, ਉਤਨਾ ਹੀ ਹੱਛਾ ਏ।

ਗੁਆਂਢਣ : ਹੂੰ, ਤੇ ਤੂੰ ਬੇਬੇ ਘਰ ਦੀ ਮਾਲਕ ਏਂ। ਜਿੰਦਾਂ ਜੀ ਚਾਹੇ, ਕਰ। ਤੇਰੇ ਕੋਈ ਹੱਥ ਫੜਨ ਲਗਾ ਏ?

ਰਾਮ ਭਜਨੀ : ਚੰਗੇ ਕਰਮਾਂ ਵਿਚ ਢਿੱਲ ਨਹੀਂ ਚਾਹੀਦੀ। ਜੋ ਦਿੱਤਾ ਗਿਆ, ਸੋ ਦਿੱਤਾ ਗਿਆ। ਜੋ ਰਹਿ ਗਿਆ, ਸੋ ਰਹਿ ਗਿਆ।

ਗੁਆਂਢਣ : ਫੇਰ ਦੱਸ ਕੋਈ ਮੇਰੇ ਗੋਚਰਾ ਕੰਮ।

ਰਾਮ ਭਜਨੀ : ਜਾ ਫਿਰ ਬੁੱਢੇ ਪਾਂਧੇ ਨੂੰ ਸੱਦ ਲਿਆ ਪਈ ਆਣ ਕੇ ਸੰਕਲਪ ਕਰਾ ਜਾਏ ਤੇ ਜੋ ਰਸਤੇ ਵਿਚ ਕੋਈ ਸਾਧੂ, ਸੰਤ ਮਿਲੇ ਤਾਂ ਉਹਨੂੰ ਵੀ ਇਧਰ ਭੇਜਦੀ ਜਾਈਂ।

ਗੁਆਂਢਣ : ਹੱਛਾ, ਮੈਂ ਜਾਂਦੀ ਆਂ।
*(ਗੁਆਂਢਣ ਚਲੀ ਜਾਂਦੀ ਹੈ।)*

ਰਾਮ ਭਜਨੀ : (ਆਪਣੇ ਆਪ ਨਾਲ) ਇਹ ਫੁਲਕਾਰੀਆਂ ਭਲਾ ਮੇਰੇ ਕਿਸ ਕੰਮ ਨੇ ? ਨਾ ਮੇਰੀ ਨੂੰਹ, ਨਾ ਧੀ, ਪਾਉਣ-ਹੰਢਾਉਣ ਵਾਲੀ। ਇਹ ਰੇਸ਼ਮੀ ਕੱਪੜੇ, ਇਹ ਤਾਂ ਮੈਂ ਪਰੇਮੋ ਭੈਣ ਦੀ ਨੂੰਹ ਨੂੰ ਦਿਆਂਗੀ। ਪਰੇਮੋ ਬੜੀ ਚੰਗੀ ਏ।
*(ਬਾਹਰੋਂ ਇਕ ਆਵਾਜ਼ ਆਉਂਦੀ ਹੈ)*
"ਓਲੱਖ ! ਓਲੱਖ ! ਓਲੱਖ !!"

ਰਾਮ ਭਜਨੀ : *(ਦਰਵਾਜ਼ੇ ਵੱਲ ਛੇਤੀ ਨਾਲ ਜਾਂਦੀ ਹੈ)* ਬਾਬਾ ਜੀ ! ਬਾਬਾ ਜੀ !!

ਸਾਧੂ : ਓਲੱਖ, ਮਾਈ ਭਗਤਣੀ, ਨਾਰਾਇਣ ਹਰੇ, ਨਾਰਾਇਣ, ਰਾਮ ਹੀ ਹੈ।



ਰਾਮ ਭਜਨੀ : ਆਓ ਬਾਬਾ ਜੀ, ਜੀ ਆਇਆਂ ਨੂੰ। ਤੁਹਾਨੂੰ ਬੇਬੇ ਨੇ ਭੇਜਿਆ ਹੋਣਾ ਏ?

ਸਾਧੂ : ਹਾਂ ਭਗਤਣੀ ! ਏਕ

ਮਾਈ ਨੇ ਹਮ ਕੋ ਬੋਲਿਆ ਥਾ। ਭਗਤਣੀ ਪਿਛਲੇ ਜਨਮ ਮੇਂ ਬੜੇ ਸ਼ੁਭ ਕਰਮ ਕੀਏ ਹੈਂ। ਰਾਮ ਤੁਮ ਪੇ ਅਤੀ ਪ੍ਰਸੰਨ ਹੈਂ।

ਰਾਮ ਭਜਨੀ : ਬਾਬਾ ਜੀ ! ਦੁਨੀਆ ਦਾ ਬੜਾ ਸੁਖ ਭੋਗਿਆ ਹੈ, ਪਰ ਮੋਹ-ਮਮਤਾ ਦੇ ਜਾਲ ਵਿਚ ਫਸ ਕੇ ਬੰਦਾ ਕੌਡੀ ਕੰਮ ਦਾ ਨਹੀਂ ਰਹਿੰਦਾ।

ਸਾਧੂ : ਸੱਤ ਹੈ, ਮਾਈ, ਸੱਤ ਹੈ।

ਰਾਮ ਭਜਨੀ : ਬਾਬਾ ਜੀ ! ਬੱਚੇ ਮੋਹ-ਮਮਤਾ ਦੇ ਕੀੜੇ ਨੇ, ਜੋ ਦਿਨ-ਰਾਤ ਲਹੂ ਪੀਂਦੇ ਰਹਿੰਦੇ ਨੇ। ਰਾਮ ਨੇ ਮੈਨੂੰ ਇਸ ਮਹਾਂਜਾਲ ਵਿਚੋਂ ਕੱਢ ਲਿਆ ਏ। ਇਕੋ-ਇਕ ਜੀਅ ਜਿਹਾ ਸੀ, ਸੋਈ ਨਿੱਕਾ ਹੁੰਦਾ ਈ ਖੇਡਣ ਟੁਰ ਗਿਆ।

ਸਾਧੂ : ਹਰੇ ! ਹਰੇ !! ਹਰੇ ਨਾਰਾਇਣ !!!

ਰਾਮ ਭਜਨੀ : ਤਦ ਤੋਂ ਮੈਂ ਰਾਮ ਵੱਲ ਈ ਧਿਆਨ ਲਾਇਆ ਏ।

ਸਾਧੂ : ਧੰਨ ਹੋ ਮਾਈ ! ਧੰਨ ਜਨਮ ਹੈ !!

ਰਾਮ ਭਜਨੀ : ਮਹਾਰਾਜ, ਹੁਣ ਇਹ ਜੀਅ ਵਿਚ ਆਉਂਦਾ ਏ ਪਈ ਦੁਨੀਆ ਤਜ ਦੇਵਾਂ। ਦੁਨੀਆ ਵਿਚ ਕੁਝ ਨਹੀਂ। ਜਿਹਨੂੰ ਰਾਮ ਮਿਲਿਆ, ਉਹਨੂੰ ਸਭ ਕੁਝ ਮਿਲਿਆ।

ਸਾਧੂ : ਸੱਤ ਹੈ, ਭਗਤਣੀ, ਸੱਤ ਹੈ।

ਰਾਮ ਭਜਨੀ : ਮੈਨੂੰ ਅਗਮ ਤੋਂ ਆਵਾਜ਼ ਆਉਂਦੀ ਏ, ਦਾਨ-ਪੁੰਨ ਕਰ, ਤੇ ਰਾਮ ਦੇ ਚਰਨੀਂ ਲੱਗ।"

ਸਾਧੂ : ਮਾਈ ਤੁਮ ਸਿਆਣੀ ਹੋ, ਇਸ ਸੰਸਾਰ ਕੇ ਭੀਤਰ ਐਸੇ ਪਰਾਣੀ ਭੀ ਹੈਂ, ਜੋ ਰਾਤ-ਦਿਨ ਧਨ ਜੋੜਨੇ ਵਿਚ ਲਗੇ ਰਹਿਤੇ ਹੈਂ। ਪਰ ਐਸੇ ਭੀ ਹੈਂ, ਜੋ ਜਾਣਤੇ ਹੈਂ ਕਿ ਨਾ ਧਨ ਮੇਰਾ, ਨਾ ਧਨ ਤੇਰਾ, ਤੇ ਇਹ ਜਗ ਰੈਣ ਬਸੇਰਾ।

ਰਾਮ ਭਜਨੀ : ਮਹਾਰਾਜ ! ਮੈਂ ਵੀ ਕੁਝ ਦਾਨ ਕਰ ਦੇਣਾ ਏ ਤੇ ਫੇਰ, ਮਹਾਰਾਜ, ਤੀਰਥੀਂ ਚਲੇ ਜਾਣਾ ਏ।

ਸਾਧੂ : ਧੰਨ ਹੋ ਮਾਈ, ਸਿੱਧੀ ਸ੍ਵਰਗ ਕੋ ਜਾਏਂਗੀ।

ਰਾਮ ਭਜਨੀ : ਹਰੇ, ਹਰੇ, ਮੈਂ ਤਾਂ ਪਾਪਣ-ਅਪਰਾਧਣ ਆਂ, ਮੇਰੇ ਐਡੇ ਭਾਗ ਕਿਥੋਂ?

ਸਾਧੂ : ਜੋ ਜੀਵ ਦਾਨੀ ਹੈ, ਸ੍ਵਰਗ ਧਾਮ ਕੋ ਜਾਤਾ ਵੋ ਹੈ।

ਰਾਮ ਭਜਨੀ : ਹੱਛਾ, ਮਹਾਰਾਜ ! ਦੱਸੋ, ਮੈਂ ਤੁਹਾਡੀ ਕੀ ਸੇਵਾ ਕਰਾਂ ?

ਸਾਧੂ : ਮਾਈ ਭਗਵਾਨ ਕੀ ਦਯਾ ਹੈ, ਹਮ ਕੋ ਰੁਪਿਆ-ਪੈਸਾ ਕੀ ਲੋੜ ਨਹੀਂ, ਹਾਂ, ਕੋਈ ਬਸਤਰ ਮਿਲ ਜਾਏ।

ਰਾਮ ਭਜਨੀ : (ਚਾਦਰ ਲੈ ਕੇ) ਲੌ ਮਹਾਰਾਜ !

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਸੰਕਲਪ | : ਇਰਾਦਾ, ਵਿਚਾਰ |
| ਜੀਅ | : ਪ੍ਰਾਣੀ, ਵਿਅਕਤੀ |
| ਸੋਈ | : ਉਹੀ, ਠੀਕ, ਉਹ ਹੀ |
| ਤਜ | : ਛੱਡਣਾ, ਤਿਆਗ |
| ਜੀਅ | : ਮਨ, ਦਿਲ |
| ਅਗਮ | : ਅਪਹੁੰਚ ਜਿਥੇ ਪਹੁੰਚਿਆ ਨਾ ਜਾ ਸਕੇ |

**ਔਖੇ ਸ਼ਬਦਾਂ ਦੇ ਅਰਥ**

ਕਲਿਆਨ : ਭਲਾ, ਤਰ ਜਾਣਾ
ਦੁਸ਼ਾਲਾ : ਭਾਰੀ ਸ਼ਾਲ, ਪਸ਼ਮੀਨੇ ਦੀਆਂ ਦੋ ਚਾਦਰਾਂ ਦਾ ਜੋੜਾ
ਗੜਵਾ : ਇਕ ਭਾਂਡਾ

ਸਾਧੂ : ਇਹ ਹਮਾਰੇ ਕਾਮ ਕੀ ਨਹੀਂ।

ਰਾਮ ਭਜਨੀ : ਫੇਰ ਮਹਾਰਾਜ ! ਜੋ ਮੂੰਹੋਂ ਮੰਗੋ, ਦੇਵਾਂ। ਜੋ ਹੈ, ਸਭ ਤੁਹਾਡਾ ਹੀ ਹੈ।

ਸਾਧੂ : ਮਾਈ, ਹਮ ਕੋ ਲੋਭ ਨਹੀਂ ਹੈ, ਪਰ ਉਹ ਦੁਸ਼ਾਲਾ ਦੇ ਦਿਓ ਤੇ ਕਲਿਆਨ ਹੋ।

ਰਾਮ ਭਜਨੀ : ਮਹਾਰਾਜ ! ਦੁਸ਼ਾਲਾ ਤਾਂ ਮੇਰੇ ਮਾਲਕ ਦਾ ਏ।

ਸਾਧੂ : ਹਰੇ ਨਾਰਾਇਣ, ਭਗਤਣੀ ਤੁਮ ਤੋ ਤਿਆਗ ਕਰਤੀ ਹੋ। ਉਸ ਕੋ ਸਮਰਥਾ ਹੈ, ਹੋਰ ਲੈ ਲਏਗਾ, ਦੁਸ਼ਾਲਾ ਕਾ ਦਾਨ ਕਰ। ਓਰ ਏਕ ਬਰਤਨ ਵੀ ਮਿਲ ਜਾਏ, ਮਾਈ।

ਰਾਮ ਭਜਨੀ : ਇਕ ਗੜਵਾ ਲੈ ਲਓ, ਮਹਾਰਾਜ !

ਸਾਧੂ : ਤੁਮ ਬੜੀ ਦਿਆਲੂ ਹੋ, ਭਗਤਣੀ !

ਰਾਮ ਭਜਨੀ : ਹੋਰ ਕੁਝ ਚਾਹੀਦਾ ਏ ਮਹਾਰਾਜ ?

ਸਾਧੂ : ਨਹੀਂ ਭਗਤਣੀ ! ਬਹੁਤ ਆ ਗਿਆ, ਬਹੁਤ ਆ ਗਿਆ।

ਰਾਮ ਭਜਨੀ : ਬਾਬਾ ਜੀ ਜੋ ਕੁਝ ਮੂੰਹੋਂ ਮੰਗੋ, ਦੇਵਾਂਗੀ।

ਸਾਧੂ : (ਝੋਲੀ ਵਿਚੋਂ ਕੁਝ ਕਢ ਕੇ) ਲੋ ਮਾਈ, ਇਸ ਕੋ ਸਦਾ ਆਪਣੇ ਪਾਸ ਰਖੋ, ਕਦੀ ਦੁਖ ਨੇੜੇ ਨਹੀਂ ਆਵੇਗਾ। (ਛੇਤੀ ਨਾਲ ਚਲਿਆ ਜਾਂਦਾ ਹੈ।)

ਰਾਮ ਭਜਨੀ : (ਘਬਰਾ ਕੇ ਦਰਵਾਜ਼ੇ ਵੱਲ ਦੌੜਦੀ ਹੋਈ) ਬਾਬਾ ਜੀ ! ਬਾਬਾ ਜੀ ! ਹੈਂ, ਚਲਾ ਗਿਆ ! ਨੱਠ ਗਿਆ ! ਹਾਏ ਗੜਵਾ ! ਦੋਸ਼ਾਲਾ ! ਵਾਲੀਆਂ ! ਹਾਏ ਵਾਲੀਆਂ ! ਲੈ ਗਿਆ ! ਲੈ ਗਿਆ ! (ਫਿਰ ਚੌਂਕ ਉਠਦੀ ਹੈ) ਤੂੰ ਦਿੱਤਾ ਕੀ ਏ ਜੋ ਤੈਨੂੰ ਪਛਤਾਵਾ ਲਗ ਗਿਆ ਏ ? ਲੋਕੀਂ ਹਜ਼ਾਰਾਂ ਰੁਪਈਏ ਦਾਨ ਕਰਦੇ ਨੇ, ਮੰਦਰ ਬਣਵਾਉਂਦੇ ਨੇ, ਗ਼ਰੀਬ-ਗ਼ੁਰਬੇ ਨੂੰ ਦਿੰਦੇ ਨੇ। ਤੇ ਮਨਾ, ਤੂੰ ਵਿਚੋਂ ਦਿੱਤਾ ਕੀ ਏ, ਜਿਸ ਦਾ ਹਿਰਖ ਲਗ ਗਿਆ ਏ ਤੈਨੂੰ ?

*(ਬੁੱਢਾ ਪਾਂਧਾ ਆਉਂਦਾ ਹੈ ਤੇ ਨਾਲ ਹੀ ਗੁਆਂਢਣ ਆਉਂਦੀ ਹੈ।)*

ਪਾਂਧਾ : ਜੈ ਰਾਮ ਜੀ !

ਰਾਮ ਭਜਨੀ : ਧੰਨ ਭਾਗ ਮੇਰੇ, ਜੋ ਤੁਸੀਂ ਵੀ ਆਏ। ਕੀੜੀ ਦੇ ਘਰ ਨਰੈਣ ! (ਚਿੱਟੀ ਚਾਦਰ ਜ਼ਮੀਨ ਉਤੇ ਵਿਛਾ ਕੇ) ਐਥੇ ਬਹਿ ਜਾਓ।

ਪਾਂਧਾ : ਹਰੇ ! ਹਰੇ !! ਮੈਂ ਕੌਣ ਆਂ, ਇਹ ਸਭ ਰਾਮ ਦੀ ਦਯਾ ਏ।

ਰਾਮ ਭਜਨੀ : ਧੰਨ ਭਾਗ ਮੇਰੇ ! ਸ਼ੁਕਰ ਏ !

ਗੁਆਂਢਣ : ਬੇਬੇ, ਰਾਮ ਆਪ ਈ ਕਾਰਜ ਸੰਵਾਰਨ ਵਾਲਾ ਏ। ਮੈਂ ਭਲਾ ਪਾਂਧੇ ਹੋਰਾਂ ਨੂੰ ਕਿਦਾਂ ਲਿਆਉਣਾ ਸੀ ਜੇ ਰਾਮ ਸਹਾਇਤਾ ਨਾ ਕਰਦਾ। ਪਾਂਧੇ

ਹੋਰੀਂ ਬਾਹਰ ਜਾਣ ਨੂੰ ਫਿਰਦੇ ਸਨ, ਵਕੀਲ ਦਾ ਆਦਮੀ ਸੱਦਣ ਆਇਆ ਹੋਇਆ ਸੀ।

ਪਾਂਧਾ : ਹਾਂ ਬੀਬੀ ! ਵਕੀਲ ਦੇ ਲੜਕਾ ਹੋਇਆ ਏ ਤੇ ਉਨ੍ਹਾਂ ਨੇ ਟੇਵਾ ਲਵਾਉਣ ਲਈ ਸੱਦਿਆ ਏ।

ਰਾਮ ਭਜਨੀ : ਰਾਮ ਹਰ ਕਿਸੇ ਦੇ ਕਲੇਜੇ ਠੰਢ ਪਾਵੇ।

ਪਾਂਧਾ : ਸੱਚ ਕਿਹਾ ਬੀਬੀ ?

ਰਾਮ ਭਜਨੀ : ਪਾਂਧਾ ਜੀ, ਜਦੋਂ ਦਾ ਮੇਰਾ ਇਕੋ-ਇਕ ਜੀਅ ਜਿਹਾ ਖੇਡਣ ਟੁਰ ਗਿਆ ਏ, ਇਹ ਸੰਸਾਰ ਮੇਰੇ ਮਨੋਂ ਉਤਰ ਗਿਆ ਏ। ਹੱਛਾ, ਉਹ ਰਾਮ ਦੀ ਦੌਲਤ ਸੀ, ਰਾਮ ਨੇ ਲੈ ਲਈ, ਪਰ ਤੁਹਾਨੂੰ ਪਤਾ ਈ ਏ ਮੇਰੇ ਮਾਲਕ ਦੀਆਂ ਕਰਤੂਤਾਂ ਦਾ। ਰਾਤ-ਦਿਨ ਜੂਆ ਤੇ ਸ਼ਰਾਬ, ਬਸ। ਕਦੀ ਪਲ ਭਰ ਵੀ ਹੋਸ਼ ਵਿਚ ਨਹੀਂ ਹੁੰਦਾ। ਸੈਂਕੜਿਆਂ ਤੇ ਹਜ਼ਾਰਾਂ ਨੂੰ ਹੂੰਝਾ ਫੇਰ ਛੱਡਿਆ ਏ।

ਪਾਂਧਾ : ਬੀਬੀ, ਸੰਸਾਰ ਬਣਿਆ ਹੀ ਇਸੇ ਤਰ੍ਹਾਂ ਏ। ਇਹਦੇ ਵਿਚ ਚੰਗੇ ਵੀ ਹੈਣ ਤੇ ਮੰਦੇ ਵੀ, ਪਰ "ਜੋੜੀਆਂ ਜਗ ਥੋੜ੍ਹੀਆਂ ਤੇ ਨਰੜ ਬਥੇਰੇ।"

ਗੁਆਂਢਣ : ਹਾਂ ਜੀ, ਹੁਣ ਵੇਖੋ ਪਈ ਇਹ ਕੋਈ ਕਰਮਾਂ ਦੀ ਗੱਲ ਹੈਗੀ ਜੇ ਨਾ ਪਈ ਇਹ ਐਡੀ ਧਰਮਾਤਮਾ ਜੇ ਤੇ ਉਹ ...

ਰਾਮ ਭਜਨੀ : ਨਾ ਬੇਬੇ, ਇਹ ਨਾ ਕਹੋ, ਮੈਂ ਬੜੀ ਪਾਪਣ ਆਂ, ਬੜੀ ਅਪਰਾਧਣ ਆਂ।

ਪਾਂਧਾ : ਨਹੀਂ ਬੀਬੀ ! ਤੂੰ ਆਪਣਾ ਜਨਮ ਸਫ਼ਲ ਕੀਤਾ ਏ।

ਗੁਆਂਢਣ : ਤੇਰੇ ਨਾਲ ਤੇਰਾ ਮਾਲਕ ਵੀ ਤਰ ਜਾਏਗਾ।

ਪਾਂਧਾ : ਇਕ ਭਗਤ ਨਾਲ ਸੈਂਕੜੇ ਪਾਪੀ ਵੀ ਤਰ ਜਾਂਦੇ ਨੇ। ਚੰਗਿਆਂ ਨਾਲ ਮੰਦੇ ਵੀ ਤਰ ਜਾਂਦੇ ਨੇ।

ਰਾਮ ਭਜਨੀ : ਮੈਂ ਤੇ ਮਹਾਰਾਜ ਦੁਨੀਆ ਦਾ ਖਹਿੜਾ ਛੱਡਿਆ। ਬਥੇਰਾ ਖਾਧਾ-ਪੀਤਾ। ਸੁੱਖ ਵੀ ਭੋਗਿਆ ਤੇ ਦੁੱਖ ਵੀ। ਜਦੋਂ ਦੀ ਮੈਂ ਰਾਮ ਦੀ ਹੋਈ ਆਂ, ਮੈਨੂੰ ਦੁਨੀਆ ਵਿਚ ਕੁਝ ਵੀ ਚੰਗਾ ਨਹੀਂ ਲਗਦਾ।

ਪਾਂਧਾ : ਧੰਨ ਜਨਮ ਏ ਬੀਬੀ !

ਗੁਆਂਢਣ : ਮਹਾਰਾਜ ! ਸੇਵਾ ਨੂੰ ਮੇਵਾ ਏ, ਤਦੇ ਤਾਂ ਰਾਮ ਨੇ ਦਰਸ਼ਨ ਦਿੱਤੇ ।

ਪਾਂਧਾ : ਇਹਦੀ ਭਗਤੀ ਦਾ ਈ ਫਲ ਏ।

ਰਾਮ ਭਜਨੀ : ਮੈਂ ਤੇ ਉਹਦੇ ਬੂਹੇ ਦੀ ਮੰਗਤੀ ਆਂ।

ਗੁਆਂਢਣ : ਹੁਣ ਇਹਦੇ ਕੋਲੋਂ ਦਾਨ-ਪੁੰਨ, ਸੰਕਲਪ ਨਾਲ ਕਰਾਓ। ... ਬੇਬੇ, ਜੋ ਦੇਣਾ ਈ ਕੱਢ ਲਿਆ।

ਪਾਂਧਾ : ਹਾਂ ਬੀਬੀ ! ਵੇਲਾ ਜਾਂਦਾ ਏ, ਢਿੱਲ ਨਾ ਕਰੋ।

**ਔਖੇ ਸ਼ਬਦਾਂ ਦੇ ਅਰਥ**

ਹਿਰਖ : ਅਫ਼ਸੋਸ
ਟੇਵਾ : ਜੋਤਿਸ਼ ਗਣਨਾ ਅਨੁਮਾਨ
ਨਰੜ : ਅਜੋੜ
ਪਾਂਧਾ : ਬ੍ਰਾਹਮਣ, ਪੁਜਾਰੀ
ਨਰੈਣ : ਭਗਵਾਨ, ਪਰਮੇਸ਼ਰ, ਵਾਹਿਗੁਰੂ
ਮਾਲਕ : ਪਤੀ

ਰਾਮ ਭਜਨੀ : ਬੇਬੇ, ਮੇਰਾ ਤੇ ਜੀਅ ਕਰਦਾ ਏ ਪਈ ਇਸੇ ਤਰ੍ਹਾਂ ਖਲਾ-ਖਲੋਤਾ ਭਰਾ-ਭਰਾਇਆ ਘਰ ਸਾਰੇ ਦਾ ਸਾਰਾ ਮਨਸ ਦੇਵਾਂ।

ਗੁਆਂਢਣ : ਘਰ ਦੀ ਮਾਲਕ ਏਂ, ਜਿੱਦਾਂ ਜੀ ਚਾਹੇ ਕਰ।

ਰਾਮ ਭਜਨੀ : ਮੈਨੂੰ ਉਹਦਾ ਈ ਡਰ ਏ ਪਈ ਆਵੇਗਾ ਤੇ ਲੜੇਗਾ ਮੇਰੇ ਨਾਲ।

ਪਾਂਧਾ : ਬੀਬੀ ਦਾਨ ਕਰਨ ਲਗਿਆਂ ਵਿਚਾਰਾਂ ਵਿਚ ਪੈਣਾ ਮਾੜਾ ਹੁੰਦਾ ਏ।

ਗੁਆਂਢਣ : ਪਾਂਧਾ ਜੀ ਠੀਕ ਕਹਿੰਦੇ ਨੇ।

ਰਾਮ ਭਜਨੀ : ਤੇ ਭਲਾ ਮੈਂ ਮੰਦਾ ਕੰਮ ਥੋੜ੍ਹਾ ਈ ਕਰ ਰਹੀ ਆਂ। ਜੇ ਉਹ ਨਾਰਾਜ਼ ਹੁੰਦਾ ਏ ਤਾਂ ਹੋਵੇ, ਮੈਂ ਚੰਗੇ ਕੰਮ ਤੋਂ ਕਿਉਂ ਹਟਾਂ ?

ਪਾਂਧਾ : ਠੀਕ ਆਖਿਆ ਏ, ਬੀਬੀ, ਮਾਨਸ ਜਨਮ ਸਕਾਰਥਾ ਨਾ ਹੋਵੇ ਤੇ ਇਹਦਾ ਲਾਭ ਕੀ ਏ ? (ਰਾਮ ਭਜਨੀ ਉੱਠ ਕੇ ਆਪਣੇ ਗਹਿਣੇ, ਕੱਪੜੇ ਤੇ ਭਾਂਡੇ-ਟੀਂਡੇ ਲਿਆਉਂਦੀ ਹੈ।)

ਰਾਮ ਭਜਨੀ : ਇਹ ਲਓ ਮਹਾਰਾਜ, ਦੋ ਗਾਗਰਾਂ।

ਪਾਂਧਾ : (ਮੰਤਰ ਪੜ੍ਹਦਾ ਹੈ) ਬੀਬੀ ਰਾਮ ਚਿਤਾਰੋ।

ਰਾਮ ਭਜਨੀ : ਰਾਮ ਈ ਰਾਮ, ਰਾਮ ਈ ਰਾਮ, ਰਾਮ ਈ ਰਾਮ।

ਪਾਂਧਾ : ਹੋਰ ਕੀ ਏ ? ਛੇਤੀ ਕਰ।

ਰਾਮ ਭਜਨੀ : ਇਹ ਚਾਦਰਾਂ ਦਾ ਜੋੜਾ ਏ, ਇਹ ਦੋ ਰੇਸ਼ਮੀ ਕੁੜਤੇ ਨੇ।

ਪਾਂਧਾ : (ਮੰਤਰ ਪੜ੍ਹ ਕੇ ਸੰਕਲਪ ਕਰਾਉਂਦਾ ਹੈ)

ਰਾਮ ਭਜਨੀ : ਇਹ ਮੇਰਾ ਗਹਿਣਿਆਂ ਦਾ ਡੱਬਾ ਏ, ਬਸ ਸਮਝੋ ਸਭ ਕੁਝ ਹੀ ਏ।

ਪਾਂਧਾ : ਧੰਨ ਜਿਗਰਾ ਏ, ਬੀਬੀ !

ਰਾਮ ਭਜਨੀ : ਮੇਰੇ ਕਿਸ ਕੰਮ ਨੇ, ਮਹਾਰਾਜ !

ਪਾਂਧਾ : ਧੰਨ ਜਨਮ ਏ ! ਤੂੰ ਸਾਰੇ ਟੱਬਰ ਨੂੰ ਤਾਰ ਛੱਡਿਆ ਏ, ਬੀਬੀ !

ਗੁਆਂਢਣ : ਕੁਝ ਹੋਰ ਵੀ ਦੇਣ ਵਾਲਾ ਏ ?

ਰਾਮ ਭਜਨੀ : ਹੋਰ ਰਹਿ ਕੀ ਗਿਆ ਏ ? ਬਸ ਇਹ ਘਰ ਹੈਗਾ, ਇਹ ਵੀ ਦੇ ਦੇਵਾਂ, ਪਰ ਮਾਲਕ ਦਾ ਡਰ ਏ।

ਪਾਂਧਾ : ਨਹੀਂ, ਨਹੀਂ, ਘਰ ਨੂੰ ਰਹਿਣ ਦੇ।

ਰਾਮ ਭਜਨੀ : ਹਾਏ, ਮੇਰਾ ਅੱਗ ਲਗਾ ਚੇਤਾ, ਮੈਂ ਰੇਸ਼ਮੀ ਕੁੜਤੇ ਵੀ ਦੇ ਛੱਡੇ ਨੇ। ਉਹ ਤੇ ਮੈਂ ਆਪਣੀ ਧੀ-ਰਾਣੀ ਲਈ ਰੱਖੇ ਸਨ। ਬੇਬੇ ਤੂੰ ਕੀ ਸਮਝਦੀ ਹੋਵੇਂਗੀ ?
*(ਕੋਈ ਹੋਰ ਕੁੜਤਾ ਲਭਦੀ ਫਿਰਦੀ ਹੈ।)*

ਗੁਆਂਢਣ : ਕੀ ਪਈ ਕਰਦੀ ਏਂ, ਭੈਣ ? ਲੈ, ਉਹ ਅਗੇ ਵੀ ਤੇਰੇ ਈ ਕੁੜਤੇ ਪਾਉਂਦੀ ਏ ਕਿ ...

**ਔਖੇ ਸ਼ਬਦਾਂ ਦੇ ਅਰਥ**

ਮੰਗਤੀ : ਭਿਖਾਰਨ, ਸ਼ਰਧਾਲੂ, ਗਰੀਬਣੀ

ਮਨਸ : ਇਥੇ ਸਭ ਕੁਝ ਪੁੰਨ ਦਾਨ ਕਰਨ ਤੋਂ ਭਾਵ ਹੈ

ਗਾਗਰਾਂ : ਤੰਗ ਮੂੰਹ ਵਾਲਾ ਮਿੱਟੀ ਦਾ ਬਰਤਨ, ਕਲਸ਼, ਘੜਾ

ਚਿਤਾਰੋ : ਜਪੋ, ਅਰਾਧੋ

ਰਾਮ ਭਜਨੀ : (ਇਕ ਕੁੜਤਾ ਲੱਭ ਕੇ) ਧੰਨ ਰਾਮ ਏ, ਜੋ ਮੇਰੀ ਲਾਜ ਰਖਦਾ ਏ। ਇਹ ਕਿਤੇ ਥੱਲੇ ਪਿਆ ਹੋਇਆ ਸੀ।

ਗੁਆਂਢਣ : ਰਹਿਣ ਦੇ ਬੀਬੀ, ਤੂੰ ਆਪਣੇ ਲਈ ਕੁਝ ਨਹੀਂ ਰੱਖਣਾ ?

ਰਾਮ ਭਜਨੀ : *(ਕੁੜਤਾ ਦੇ ਕੇ)* ਨਹੀਂ, ਮੇਰੇ ਕੋਲ ਗੁਜ਼ਾਰੇ ਲਈ ਬਥੇਰੇ ਨੇ। ਲੈ ਲੈ।

*(ਪਾਂਧਾ ਚੀਜ਼ਾਂ ਸੰਭਾਲ ਕੇ ਤੁਰਨ ਲਈ ਤਿਆਰ ਹੁੰਦਾ ਹੈ।)*

ਪਾਂਧਾ : ਹੱਛਾ ਬੀਬੀ, ਮੈਂ ਤਾਂ ਛੇਤੀ ਜਾਣਾ ਏ ਵਕੀਲਾਂ ਦੇ। ਸ਼ੁਕਰ ਏ ਤੇਰਾ ਮਨੋਰਥ ਹੋ ਗਿਆ। ਰਾਮ ਸਭ ਦੇ ਮਨੋਰਥ ਪੂਰੇ ਕਰੇ। ਇਹ ਗਾਗਰਾਂ ਮੈਂ ਫੇਰ ਲੈ ਜਾਵਾਂਗਾ।

ਰਾਮ ਭਜਨੀ : ਨਹੀਂ, ਫੇਰ ਨਹੀਂ, ਮੈਂ ਬਿਗਾਨੀ ਅਮਾਨਤ ਕਿਥੇ ਸਾਂਭਦੀ ਫਿਰਾਂਗੀ? ਚਲੋ ਖਾਂ ਤੁਸੀਂ ਮੈਂ ਆਪ ਸੱਤ ਵਾਰੀ ਛੱਡ ਆਉਨੀ ਆਂ ਜਾ ਕੇ।

ਪਾਂਧਾ : ਧੰਨ ਏਂ ! ਬੀਬੀ, ਧੰਨ ਜਨਮ ਏ !!

*(ਰਾਮ ਭਜਨੀ ਗਾਗਰਾਂ ਚੁੱਕਣ ਲਗਦੀ ਏ ਤੇ ਗੁਆਂਢਣ ਉਸਦੇ ਹੱਥੋਂ ਫੜ ਲੈਂਦੀ ਹੈ।)*

ਗੁਆਂਢਣ : ਲੈ ਇਹ ਕੀ ਗੱਲ ਹੋਈ ਭਲਾ, ਮੈਂ ਭੈਣ ਤੈਨੂੰ ਹੱਥ ਲਾਉਣ ਦੇਨੀ ਆਂ ? ਤੂੰ ਹੁਣ ਪੂਜਾ ਕਰਨੀ ਹੋਵੇਗੀ। ਮੈਂ ਛੱਡ ਆਉਨੀ ਆਂ।

ਰਾਮ ਭਜਨੀ : ਵੈਰੀਆਂ ਦੇ ਦੁਖਣ ਪੈਰ ! ਐਵੇਂ ਨਾ ਬੋਲ-ਕਬੋਲ ਮੂੰਹੋਂ ਕੱਢ ਦਿਆ ਕਰ। ਮੈਂ ਪੂਜਾ ਵੀ ਕਰ ਲਵਾਂਗੀ, ਆਣ ਕੇ।

ਪਾਂਧਾ : ਵੇਖ ਬੇਬੇ, ਮੇਰਾ ਬੜਾ ਹਰਜਾ ਹੋਣ ਡਿਹਾ ਹੋਇਆ ਏ। ਵਕੀਲ ਨੇ ਸਦਿਆ ਸੀ।

ਰਾਮ ਭਜਨੀ : ਚਲੋ ਨਾ ਫੇਰ ਪਾਂਧਾ ਜੀ, ਛੇਤੀ ਕਰੋ। ਲੈ ਭੈਣ, ਤੂੰ ਪਿਛੇ ਘਰ ਦਾ ਖ਼ਿਆਲ ਰਖੀਂ, ਮੈਂ ਹੁਣੇ ਆਈ।

ਪਾਂਧਾ : ਨਹੀਂ ਬੇਬੇ, ਤੂੰ ਹੁਣ ਸ਼ਾਂਤ ਹਿਰਦੇ ਨਾਲ ਬੈਠ, ਰਾਮ ਨਾਮ ਜਪ, ਗਾਗਰਾਂ ਮੈਂ ਆਪੇ ਹੀ ਫੜੀ ਜਾਵਾਂਗਾ।

ਗੁਆਂਢਣ : ਲੈ ਇਹ ਹੱਦ ਹੋਈ, ਚਲੋ ਤੁਸੀਂ ਚੱਲਣ ਵਾਲੇ ਬਣੋ।

*(ਗਾਗਰਾਂ ਫੜ ਕੇ ਤੁਰ ਪੈਂਦੀ ਹੈ।)*

ਗੁਆਂਢਣ ਦੀ ਨੂੰਹ : ਬੇਬੇ ਤੁਹਾਡੇ ਨਹੀਂ ?

ਰਾਮ ਭਜਨੀ : ਬੀਬੀ ਆਈ ਤੇ ਸੀ, ਪਰ ਪਾਂਧਾ ਜੀ ਦੇ ਘਰ ਤੋਰ਼ੀ ਗਈ ਏ। ਹੁਣੇ ਆਉਂਦੀ ਹੋਵੇਗੀ। ਬਹਿ ਜਾ।

ਗੁਆਂਢਣ ਦੀ ਨੂੰਹ : ਘਰ ਛੇਤੀ ਬੁਲਾਇਆ ਏ ! ਪਹਿਲੋਂ ਤਾਂ ਮੈਂ ਲਾਗਲੇ ਘਰ ਗਈ, ਫਿਰ ਉਥੋਂ ਪਤਾ ਲਗਾ ਪਈ ਇਥੇ ਆਈ ਏ।

**ਔਖੇ ਸ਼ਬਦਾਂ ਦੇ ਅਰਥ**

ਅਮਾਨਤ : ਕਿਸੇ ਦੇ ਸਪੁਰਦ ਕੀਤੀ ਵਸਤੂ

ਹਰਜਾ : ਨੁਕਸਾਨ

ਡਿਹਾ : ਹੋ ਰਿਹਾ

**ਔਖੇ ਸ਼ਬਦਾਂ ਦੇ ਅਰਥ**

ਤ਼ਾਮ ਤ਼ਾਮ : ਰਾਮ ਰਾਮ
ਫੜ੍ਹ : ਗੱਪ ਮਾਰਨੀ, ਦਬਕਾ, ਦਮਗਜ਼ਾ
ਵਸਾਹ : ਭਰੋਸਾ

ਰਾਮ ਭਜਨੀ : ਛੇਤੀ ਬੁਲਾਇਆ ਏ ? ਹੱਛਾ ਤਾਂ ਮੈਂ ਜਾ ਕੇ ਬੁਲਾਉਨੀ ਆਂ। ਤੂੰ ਜ਼ਰੀ ਦੀ ਜ਼ਰੀ ਏਥੇ ਬਹਿ।

ਗੁਆਂਢਣ ਦੀ ਨੂੰਹ : ਬੇਬੇ ਮੈਂ ਵੀ ਨਾਲ ਚਲਾਂ ਪਰੇ।

ਰਾਮ ਭਜਨੀ : ਕਿਸ ਵਾਸਤੇ ? ਤੂੰ ਸਗੋਂ ਇਥੇ ਬੈਠੀਂ। ਘੜੀ ਦੀ ਘੜੀ ਰਾਮ ਨਾਮ ਜਪ ਲੈ। *(ਉਹਨੂੰ ਆਪਣੀ ਥਾਂ ਬਿਠਾਲਦੀ ਹੈ)* ਜਨਮ ਸਫਲ ਹੁੰਦਾ ਏ। ਮੇਰੀ ਥਾਂ ਪੂਜਾ ਉਤੇ ਤੂੰ ਬੈਠ ਤੇ ਮੈਂ ਹੁਣੇ ਈ ਆਈ।

ਸ਼ਾਮ ਦਾਸ : (ਪਿੱਠ ਪਿੱਛੋਂ ਈ ਉਹਨੂੰ ਵੇਖ ਕੇ ਆਪਣੀ ਵਹੁਟੀ ਸਮਝਦਾ ਹੈ) ਹਰ ਵੇਲੇ 'ਤ਼ਾਮ ਤ਼ਾਮ' ਹਰ ਵੇਲੇ 'ਤ਼ਾਮ ਤ਼ਾਮ'। ਕੀ ਪਖੰਡ ਬਣਾ ਰਖਿਆ ਏ ? *(ਗੁਆਂਢਣ ਦੀ ਨੂੰਹ ਸਿਰ ਮੋੜ ਕੇ ਆਦਮੀ ਨੂੰ ਵੇਖਦੀ ਹੈ ਤੇ ਸਭੋ ਕੁਝ ਛੱਡ-ਛੁਡਾ ਘਬਰਾ ਕੇ ਬਾਹਰ ਨਿਕਲ ਜਾਂਦੀ ਹੈ।)*

ਸ਼ਾਮ ਦਾਸ : ਹੈਂ ! ਇਹ ਕੌਣ ਸੀ ?

ਪਹਿਲਾ ਜੁਆਰੀਆ : ਕੋਈ ਚੇਲੀ ਹੋਣੀ ਏ ਭਗਤਣੀ ਦੀ।

ਸ਼ਾਮ ਦਾਸ : ਮੈਂ ਤੇ ਕੁਝ ਹੋਰ ਈ ਸਮਝਦਾ ਰਿਹਾ।

ਦੂਜਾ ਜੁਆਰੀਆ : ਹੱਛਾ ਜੀ, ਹੁਣ ਗੱਲਾਂ ਵਿਚ ਨਾ ਪਾਓ ਤੇ ਅਗਲੀ ਗੱਲ ਕਰੋ।

ਸ਼ਾਮ ਦਾਸ : ਐਡੇ ਘਬਰਾਂਦੇ ਕਿਉਂ ਓ ? ਜਿੰਨੀਆਂ ਬਾਜ਼ੀਆਂ ਕਹੋਗੇ, ਲਾਵਾਂਗੇ।

ਪਹਿਲਾ ਜਵਾਰੀਆ : ਵੇਖ ਲੈ ਚੰਦੂ ਇਹਨੂੰ ਫੜ੍ਹ ਮਾਰਦੇ ਨੂੰ। ਤੇ ਅਸਲੋਂ ਇਹਦੀ ਗੱਲ ਦਾ ਵਸਾਹ ਨਹੀਂ।

ਦੂਜਾ ਜੁਆਰੀਆ : ਅਸੀਂ ਜਾਣਦੇ ਆਂ, ਅਸੀਂ ਜਾਣਦੇ ਆਂ। ਵੇਖਿਆ ਸੀ ਓਦੋਂ, ਮੂੰਹ ਏਦਾਂ ਉਤਰ ਗਿਆ ਸੀ।

ਸ਼ਾਮ ਦਾਸ : ਇਹ ਝੂਠੀਆਂ ਗੱਲਾਂ ਨੇ। ਹਾਰ ਕੇ ਕੀਹਦਾ ਜੀ ਮਾੜਾ ਨਹੀਂ ਹੁੰਦਾ?

ਪਹਿਲਾ ਜੁਆਰੀਆ : ਤਾਂ ਭਾਵੇਂ ਕੋਈ ਵੀਹ ਸਾਲ ਖੇਡਦਾ ਰਿਹਾ ਹੋਵੇ, ਫੇਰ ਵੀ ਕੱਚੇ ਦਾ ਕੱਚਾ। ਜਿਹਨੂੰ ਹਾਰ ਦਾ ਹਾਵਾ ਲਗੇ, ਉਹਨੇ ਕੀ ਖੇਡਣਾ ਹੋਇਆ?

ਦੂਜਾ ਜੁਆਰੀਆ : ਖੇਡ ਵਿਚ ਸੈਂਕੜੇ ਹਾਰੀਦੇ ਤੇ ਸੈਂਕੜੇ ਜਿੱਤੀਦੇ ਨੇ, ਹਾਰ ਜਿੱਤ ਨਾਲ ਹੀ ਹੁੰਦੀ ਏ ਕਿ।

ਸ਼ਾਮ ਦਾਸ : ਮੈਂ ਐਡਾ ਬੋਦਾ ਤੇ ਨਹੀਂ, ਪਰ ਜੇ ਪੱਲੇ ਹੋਵੇ ਕੁਝ ਨਾ ਤਾਂ ਵੱਖਰੀ ਗੱਲ ਏ। ਹੁੰਦਿਆਂ-ਹਵਾਂਦਿਆਂ ਪਿੱਛੇ ਹਟਣ ਵਾਲਾ ਮੈਂ ਵੀ ਨਹੀਂ।

ਪਹਿਲਾ ਜੁਆਰੀਆ : ਐਵੇਂ ਗੱਪਾਂ !

ਦੂਜਾ ਜੁਆਰੀਆ : ਜਿਗਰਾ ਚਾਹੀਦਾ ਏ !

ਪਹਿਲਾ ਜੁਆਰੀਆ : ਮੈਦਾਨ ਵਿਚ ਆਉਣਾ ਸ਼ੇਰਾਂ ਦਾ ਕੰਮ ਏ।

ਦੂਜਾ ਜੁਆਰੀਆ : ਤੇ ਗਿੱਦੜਾਂ ਦਾ ਛੱਡ ਕੇ ਨੱਸ ਜਾਣਾ।

ਸ਼ਾਮ ਦਾਸ : ਭਈ ਮੈਨੂੰ ਜਿੰਦ ਦੀ ਕਸਮ ਏ ਮੈਂ ਇਹੋ ਜਿਹਾ ਨਹੀਂ। ਤੁਸੀਂ ਵੇਖ ਈ ਲੈਣਾ ਤੇ ਨਾਲੇ ਮੈਂ ਇਹ ਵੀ ਕਹਿ ਦੇਵਾਂ ਪਈ ਇਹ ਬਾਜ਼ੀ ਵੀ ਮੇਰੀ ਏ।



ਪਹਿਲਾ ਜੁਆਰੀਆ : ਨਿਰੀਆਂ ਸ਼ੇਖ਼ੀਆਂ !

ਦੂਜਾ ਜੁਆਰੀਆ : ਆਓ ਫੇਰ ਖੇਡੀਏ, ਪਾਂਧਾ ਕਿਹੜਾ ਪੁਛਦੇ ਓ ?

ਸ਼ਾਮ ਦਾਸ : ਭਈ ਕਾਹਲੀ ਕਾਹਦੀ ਪੈ ਗਈ ਏ ? ਜ਼ਰਾ ਦਮ ਕਰੋ, ਚੁਸਕੀ ਤੇ ਲਾ ਲਈਏ।

ਦੋਨੋਂ ਜੁਆਰੀਏ : ਵਾਹ ਵਾ, ਵਾਹ ਵਾ, ਲਿਆ ਫੇਰ ਲਿਆ। (ਸ਼ਾਮ ਦਾਸ ਬੋਤਲ ਤੇ ਗਲਾਸ ਲੈਣ ਲਈ ਅੰਦਰ ਜਾਂਦਾ ਹੈ।)

ਪਹਿਲਾ ਜੁਆਰੀਆ : ਲੈ ਭਈ, ਜ਼ਰਾ ਦਲੇਰ ਤਾਂ ਹੋਇਆ ਹੈ।

ਦੂਜਾ ਜੁਆਰੀਆ : ਉੱਲੂ ਏ ਉੱਲੂ।

ਪਹਿਲਾ ਜੁਆਰੀਆ : ਜੇ ਦਾਉ ਲਗ ਗਿਆ ਤੇ।

ਦੂਜਾ ਜੁਆਰੀਆ : ਪਹਿਲੀ ਬਾਜ਼ੀ ਉਹਨੂੰ ਈ ਜਾਣ ਦਿਓ।

ਪਹਿਲਾ ਜੁਆਰੀਆ : ਹਾਂ, ਹਾਂ, ਭਾਵੇਂ ਦੂਜੀ ਵੀ, ਬੇਸ਼ਕ।

ਦੂਜਾ ਜੁਆਰੀਆ : ਆਹੋ, ਆਹੋ, ਠੀਕ ਏ।

ਸ਼ਾਮ ਦਾਸ : ਲਓ, ਭਈ ਪੀਓ।

ਦੂਜਾ ਜੁਆਰੀਆ : *(ਪੀ ਕੇ ਤੇ ਮੂੰਹ ਸੰਵਾਰ ਕੇ)* ਵਾਹ ਵਾਹ, ਮਜ਼ਾ ਹੋ ਗਿਆ।

ਸ਼ਾਮ ਦਾਸ : ਹੋਰ ਲਓ, ਹੋਰ।

ਪਹਿਲਾ ਜੁਆਰੀਆ : ਬਸ ਭਈ, ਬਸ।

ਸ਼ਾਮ ਦਾਸ : ਹੋਰ ਲਓ ਹੋਰ, ਇਥੇ ਕਿਹੜੀ ਪਰਵਾਹ ਹੈ।

ਦੂਜਾ ਜੁਆਰੀਆ : ਬਸ ਕਰਨ ਵਾਲੇ ਨੂੰ ਕਦੀ ਨਾ ਚੜ੍ਹੇ, ਆਉਣ ਦਿਓ ਜੀ।

ਪਹਿਲਾ ਜੁਆਰੀਆ : *(ਹੋਰ ਪੀ ਕੇ)* ਭਈ ਜੇ ਰੱਬ ਸ਼ਰਾਬ ਨਾ ਬਣਾਉਂਦਾ।

ਸ਼ਾਮ ਦਾਸ : ਸਾਡੇ ਵਰਗੇ ਮਰ ਜਾਂਦੇ।

ਦੂਜਾ ਜੁਆਰੀਆ : ਸਾਰੀ ਦੁਨੀਆ ਮਰ ਜਾਂਦੀ।

ਸ਼ਾਮ ਦਾਸ : ਮੇਰੀ ਤੇ ਜਾਨ ਇਸ ਦੇ ਵਿਚ ਏ।

ਪਹਿਲਾ ਜੁਆਰੀਆ : ਸਾਨੂੰ ਵੀ ਨਾ ਮਿਲੇ ਤਾਂ ਦਮ ਟੁੱਟਣ ਲਗ ਪੈਂਦਾ ਏ।

ਸ਼ਾਮ ਦਾਸ : ਸੱਚ ਏ, ਸੱਚ ਏ।

**ਔਖੇ ਸ਼ਬਦਾਂ ਦੇ ਅਰਥ**

ਹਾਵਾ : ਡਰ, ਪਛਤਾਵਾ, ਝੋਰਾ

ਬੋਦਾ : ਕਮਜ਼ੋਰ

ਜਿਗਰਾ : ਹੌਂਸਲਾ, ਸਾਹਸ, ਤਾਕਤ

| | |
|---|---|
| ਦੂਜਾ ਜੁਆਰੀਆ | : ਐਵੇਂ ਕਹਿੰਦੇ ਨੇ ਪਈ ਦੁਨੀਆਂ ਵਿਚ ਦੁੱਖ ਹਨ। |
| ਪਹਿਲਾ ਜੁਆਰੀਆ | : ਹੈਣ, ਜ਼ਰੂਰ ਹੈਣ, ਪਰ ਉਨ੍ਹਾਂ ਲਈ ਜਿਹੜੇ ਪੀਂਦੇ ਨਹੀਂ *(ਹੱਸਦਾ ਹੈ)* ਹਾ, ਹਾ, ਹਾ। |
| ਦੂਜਾ ਜੁਆਰੀਆ | : ਆਓ ਹੁਣ ਜ਼ਰਾ ਬਾਜ਼ੀ ਲਾਈਏ। |
| ਸ਼ਾਮ ਦਾਸ | : ਜ਼ਰਾ ਨਸ਼ਾ ਆ ਲੈਣ ਦਿਓ ਭਾਈ। ਓਨੀ ਦੇਰ ਗੱਲ-ਗੱਪ ਮਾਰਨੇ ਆਂ। ਪਿਛਲੀ ਦੀਵਾਲੀ ਤੇ ਹਰੀ ਰਾਮ ਨਾਲ ਕੇਹੀ ਹੋਈ ? |
| ਪਹਿਲਾ ਜੁਆਰੀਆ | : ਜਿਹੀ ਕਿਸੇ ਨਾਲ ਨਾ ਹੋਵੇ। |
| ਦੂਜਾ ਜੁਆਰੀਆ | : ਅੰਮ੍ਰਿਤਸਰੋਂ ਦੋ ਜੁਆਰੀਏ ਆਏ, ਪਰ ਦੋਵੇਂ ਉਸਤਾਦ। |
| ਸ਼ਾਮ ਦਾਸ | : ਹਰੀ ਰਾਮ ਦਾ ਕੱਖ ਨਹੀਂ ਛੱਡਿਆ। |
| ਦੂਜਾ ਜੁਆਰੀਆ | : ਉਨ੍ਹਾਂ ਵੀ ਕੋਈ ਥੋੜ੍ਹਾ ਨਹੀਂ ਸੀ ਜੋੜਿਆ ਹੋਇਆ। |
| ਪਹਿਲਾ ਜੁਆਰੀਆ | : ਇਹ ਇਸੇ ਤਰ੍ਹਾਂ ਈ ਹੁੰਦਾ ਏ। ਜੋੜਨ ਵਾਸਤੇ ਥੋੜ੍ਹਾ ਹੁੰਦਾ ਏ। |
| ਦੂਜਾ ਜੁਆਰੀਆ | : ਮਜ਼ਾ ਤੇ ਸਾਰਾ ਹੋਇਆ ਖੇਡ ਵਿਚ। ਹਾਰ-ਜਿੱਤ ਤੇ ਨਾਲ ਐਵੇਂ ਮਿਰਚ-ਮਸਾਲਾ ਹੋਇਆ। |
| ਪਹਿਲਾ ਜੁਆਰੀਆ | : ਤੇ ਨਾਲੇ ਜਿਸ ਹਾਰਨਾ ਨਹੀਂ, ਉਸ ਜਿੱਤਣਾ ਕੀ ? |
| ਸ਼ਾਮ ਦਾਸ | : ਹਾਰ-ਜਿੱਤ ਦੀ ਕਿਹੜੀ ਗੱਲ ਏ, ਸੌਦਾ ਤੇ ਖੇਡ ਦਾ ਜੇ। |
| ਦੂਜਾ ਜੁਆਰੀਆ | : ਆਓ ਫੇਰ ਜ਼ਰਾ ਇਕ-ਅੱਧ ਬਾਜ਼ੀ ਲਗ ਜਾਏ। |
| ਸ਼ਾਮ ਦਾਸ | : ਚੰਗਾ, ਚੰਗਾ, ਚਲੋ, ਪੰਜ ਲਾਏ। |
| ਪਹਿਲਾ ਜੁਆਰੀਆ | : ਕੁੱਲ ! |
| ਸ਼ਾਮ ਦਾਸ | : ਹੱਛਾ ! ਚੰਗਾ ਫਿਰ, ਪੰਝੀ ਸਹੀ। *(ਪਹਿਲਾ ਤੇ ਦੂਜਾ ਜੁਆਰੀਆ ਕੌਡੀਆਂ ਸੁਟਦੇ ਹਨ ਤੇ ਹਾਰ ਜਾਂਦੇ ਹਨ।)* |
| ਦੂਜਾ ਜੁਆਰੀਆ | : ਗਿਆ ਵਾਰ ਖਾਲੀ। |
| ਸ਼ਾਮ ਦਾਸ | : *(ਰੁਪਿਆ ਰੋਲ ਕੇ)* ਮੈਂ ਤੁਹਾਨੂੰ ਪਹਿਲੋਂ ਹੀ ਕਿਹਾ ਸੀ, ਪਈ ਬਾਜ਼ੀ ਮੇਰੀ ਏ। |
| ਪਹਿਲਾ ਜੁਆਰੀਆ | : ਕਿਸਮਤ ਵਾਲਾ ਏਂ, ਭਈ। |
| ਦੂਜਾ ਜੁਆਰੀਆ | : ਛੁਪਿਆ ਰੁਸਤਮ ਨਿਕਲਿਆ ਇਹ ਤਾਂ। |
| ਸ਼ਾਮ ਦਾਸ | : ਤੇ ਕੀ ਤੁਸੀਂ ਮੈਨੂੰ ਉੱਲੂ ਸਮਝਦੇ ਸੀ? ਲਓ ਇਸ ਵਾਰੀ ਪੰਜਾਹ ਲਾਏ। |
| ਪਹਿਲਾ ਜੁਆਰੀਆ | : ਬੜੀ ਛਾਲ ਮਾਰੀ ਏ। ਪੰਜਾਹ ! ਸਾਡੀ ਵੱਲ ਵੇਖ, ਦੋ ਸੌ ਦੇ ਬਟਣ ਲਾਏ। ਹੈ ਨਾ ਸ਼ੇਰਾਂ ਵਾਲਾ ਹੌਂਸਲਾ। |
| ਦੂਜਾ ਜੁਆਰੀਆ | : ਬਲੇ, ਬਲੇ, ਮਰਦਾਨਗੀ ਏ ਭਈ। |
| ਸ਼ਾਮ ਦਾਸ | : ਅਗਲੀ ਵਾਰ ਵੇਖਾਂਗੇ, ਕੌਣ ਵਧਦਾ ਏ। ਮੈਂ ਸਾਰਾ ਮਕਾਨ ਬਾਜ਼ੀ ਤੇ ਲਾ ਦੇਣ ਵਾਲਾ ਆਂ। |

ਪਹਿਲਾ ਜੁਆਰੀਆ : ਉਹ ਦਿਨ ਡੁੱਬਾ, ਜਿਸ ਦਿਨ ਘੋੜੀ ਚੜ੍ਹਿਆ ਕੁੱਬਾ।

ਸ਼ਾਮ ਦਾਸ : ਘਬਰਾਓ ਨਹੀਂ, ਮੈਂ ਸੱਚ ਕਰ ਦਿਖਾਵਾਂਗਾ।

ਦੂਜਾ ਜੁਆਰੀਆ : ਅਗਲੇ ਜਨਮ ਵਿਚ।

ਪਹਿਲਾ ਜੁਆਰੀਆ : ਹੈਂ ! ਤੇ ਤੂੰ ਕੀ ਸਮਝਿਆ ਸੀ, ਇਸੇ ਵਿਚ ਹੀ ?

ਸ਼ਾਮ ਦਾਸ : ਹਾਂ, ਹਾਂ, ਅੱਜੇ ਹੀ, ਹੁਣੇ। *(ਉਹ ਕੌਡੀਆਂ ਸੁਟਦੇ ਹਨ। ਜਿੱਤ ਫਿਰ ਸ਼ਾਮ ਦਾਸ ਦੀ ਹੁੰਦੀ ਹੈ।)* ਵਾਹ ਵਾਹ ! ਵਾਹ ਵਾਹ ! ਅੱਜ ਖ਼ੂਬ ਜਲਸਾ ਉਡੇ ਫੇਰ।

ਪਹਿਲਾ ਜੁਆਰੀਆ : ਸਾਡੀ ਕਿਸਮਤ ਤੇ ਅੱਜ ਪਿੱਠ ਵਿਖਾਉਂਦੀ ਲਭਦੀ ਏ।

ਦੂਜਾ ਜੁਆਰੀਆ : ਸਾਰੀ ਸ਼ੇਖੀ ਨਿਕਲ ਗਈ ਇਸ ਵੇਲੇ। ਸ਼ਾਮੂ, ਤੇਰੀ ਕਿਸਮਤ ਤੇਜ਼ ਏ ਭਈ।

ਸ਼ਾਮ ਦਾਸ : ਅਜੇ ਵੇਖੋ, ਠਹਿਰੋ ਤੁਹਾਨੂੰ ਹੱਥ ਵਿਖਾਵਾਂਗਾ।

ਪਹਿਲਾ ਜੁਆਰੀਆ : ਲੁਟ ਲਿਆ ਈ ਭਈ ਹੋਰ ਕੀ ਆਹਨਾ ਏਂ ?

ਸ਼ਾਮ ਦਾਸ : *(ਗਲਾਸ ਵਿਚ ਸ਼ਰਾਬ ਦੇ ਕੇ)* ਇਹ ਲਓ ਜ਼ਰਾ ਗਰਮ ਹੋ ਜਾਓ।

ਪਹਿਲਾ ਜੁਆਰੀਆ : *(ਹਉਕਾ ਭਰ ਕੇ)* ਹੇ ਦੁੱਖ ਨਿਵਾਰਨੀ !

ਸ਼ਾਮ ਦਾਸ : ਬਸ ਹਉਕੇ ਭਰਨ ਲਗ ਪਏ ?

ਪਹਿਲਾ ਜੁਆਰੀਆ : ਨਹੀਂ, ਨਹੀਂ, ਖੇਡ ਵਿਚ ਹਉਕੇ ਕਾਹਦੇ ? ਆਓ ਬਾਜ਼ੀ ਲਾਈਏ।

ਸ਼ਾਮ ਦਾਸ : *(ਸ਼ਰਾਬ ਦੇ ਕੇ)* ਪੀਓ, ਪੀਓ, ਦੱਬ ਕੇ ਪੀਓ।

ਪਹਿਲਾ ਜੁਆਰੀਆ : ਲੈ ਹੁਣ ਖੇਡ, ਵਿਖਾਲ ਹੌਸਲਾ।

ਸ਼ਾਮ ਦਾਸ : ਹੌਸਲਾ ਕੀ, ਮੈਂ ਭਾਵੇਂ ਕੁਝ ਲਾ ਦੇਵਾਂ। ਮੇਰੀ ਕਿਸਮਤ ਤੇਜ਼ ਏ।

ਦੂਜਾ ਜੁਆਰੀਆ : ਦੋ ਸੌ ਤੇ ਮੇਰੀ ਅੰਗੂਠੀ।

ਸ਼ਾਮ ਦਾਸ : ਸੋਨੇ ਦੀਆਂ ਤਿੰਨ ਚੂੜੀਆਂ।

ਪਹਿਲਾ ਜੁਆਰੀਆ : ਗੱਲਾਂ ਹੀ ਗੱਲਾਂ।

ਸ਼ਾਮ ਦਾਸ : ਤੁਸੀਂ ਮੰਨਦੇ ਨਹੀਂ ? ਹੱਛਾ ਮੈਂ ਲਿਆ ਕੇ ਰੱਖ ਦੇਵਾਂ ?

ਦੂਜਾ ਜੁਆਰੀਆ : ਵੇਲਾ ਕਿਹੜਾ ਵੇਖਣਾ ਏਂ ਫੇਰ ?
*(ਸ਼ਾਮ ਦਾਸ ਅੰਦਰ ਚੂੜੀਆਂ ਲੈਣ ਜਾਂਦਾ ਹੈ।)*

ਪਹਿਲਾ ਜੁਆਰੀਆ : *(ਦੂਜੇ ਨੂੰ)* ਹੁਣ ਜ਼ਰਾ ਧਿਆਨ ਨਾਲ, ਸੰਭਲ ਕੇ।

ਦੂਜਾ ਜੁਆਰੀਆ : ਮੁਰਗਾ ਫਸ ਗਿਆ ਏ।

ਪਹਿਲਾ ਜੁਆਰੀਆ : ਹੁਣ ਬਚ ਕੇ ਨਹੀਂ ਨਿਕਲਦਾ। ਪੌ ਬਾਰਾਂ ਨੇ ਸਾਡੇ।
*(ਸ਼ਾਮ ਦਾਸ ਅੰਦਰੋਂ ਖ਼ਾਲੀ ਹੱਥ ਨਿਕਲਦਾ ਹੈ।)*

ਦੋਨੋਂ ਜੁਆਰੀਏ : ਕਿਉਂ ? ਕਿਉਂ ! ਚੂੜੀਆਂ ਕਿਥੇ ਨੇ ?

ਸ਼ਾਮ ਦਾਸ : ਮੇਰੀ ਵਹੁਟੀ ਨੂੰ ਆ ਲੈਣ ਦਿਓ। ਟਰੰਕ ਦੀ ਚਾਬੀ ਉਹਦੇ ਕੋਲ ਏ।

**ਔਖੇ ਸ਼ਬਦਾਂ ਦੇ ਅਰਥ**

ਸ਼ੇਖ਼ੀਆਂ : ਡੀਂਗਾਂ, ਫੜਾਂ

ਹਉਕੇ : ਡੂੰਘੇ ਸਾਹ ਲੈਣੇ

ਨਿਵਾਰਨੀ : ਦੂਰ ਕਰਨ ਵਾਲੀ

ਪਹਿਲਾ ਜੁਆਰੀਆ : ਐਵੇਂ ਬਹਾਨੇ, ਤੇ ਵਹੁਟੀ ਤੈਨੂੰ ਦੇਣ ਲਗੀ ਏ ਚੂੜੀਆਂ ?

ਦੂਜਾ ਜੁਆਰੀਆ : ਜਿਗਰਾ ਚਾਹੀਦਾ ਏ, ਚੂੜੀਆਂ ਲਿਆਉਣ ਲਈ।

ਸ਼ਾਮ ਦਾਸ : ਤੁਹਾਨੂੰ ਜੁ ਮੈਂ ਕਿਹਾ ਏ ਪਈ ਮੈਂ ਲਾ ਦਿੱਤੀਆਂ ਨੇ।

ਪਹਿਲਾ ਜੁਆਰੀਆ : ਕੱਢ ਨਾ ਫੇਰ।

ਸ਼ਾਮ ਦਾਸ : ਤੁਹਾਨੂੰ ਮੇਰੇ ਉਤੇ ਸ਼ੱਕ ਏ ? ਖ਼ੈਰ ਹੁਣੇ ਪਤਾ ਲਗ ਜਾਏਗਾ। ਤੇ ਦੂਜੀ ਬਾਜ਼ੀ ਤਾਂ ਫੇਰ ਮੇਰੀ ਏ। ਮੇਰੀ ਕਿਸਮਤ ਅਜ ਤੇਜ਼ ਏ !

ਦੋਨੋਂ ਜੁਆਰੀਏ : ਉਹ ਅਸੀਂ ਮੰਨਣੇ ਆਂ, ਪਰ ਰੱਬ ਦੀਆਂ ਰੱਬ ਜਾਣੇ, ਕੋਈ ਲਿਖਿਆ ਹੋਇਆ ਤੇ ਨਹੀਂ। ਜੇ ਤੂੰ ਹਾਰ ਜਾਵੇਂ ਤੇ ?

ਸ਼ਾਮ ਦਾਸ : ਹਾਰ ਜਾਵਾਂ ਤੇ ਜਿੱਤਣ ਵਾਲੇ ਨੂੰ ਚੂੜੀਆਂ ਦੇ ਦੇਵਾਂ। ਇਹ ਮੇਰਾ ਧਰਮ ਹੋਇਆ। ਪਰ ਜਿੱਤਣਾ ਹੋਰ ਕਿਸ ਨੇ ਹੈ ?

ਪਹਿਲਾ ਜੁਆਰੀਆ : ਹੱਛਾ, ਖੇਡੋ ਭਈ ਖੇਡੋ।

ਦੂਜਾ ਜੁਆਰੀਆ : *(ਕੌਡੀਆਂ ਸੁੱਟਣ ਲਗਾ)* ਹੇ ਕਾਲੀ ਕਲਕੱਤੇ ਵਾਲੀ ! ਤੇਰਾ ਵਾਰ ਨਾ ਜਾਏ ਖ਼ਾਲੀ, ਤੇਰਾ ਵਾਰ ਨਾ ਜਾਏ ਖ਼ਾਲੀ।

ਸ਼ਾਮ ਦਾਸ : ਹੇ ਹਨੂੰਮਾਨ ਬਲਵਾਨ !

ਪਹਿਲਾ ਜੁਆਰੀਆ : ਹੇ ਭੈਰੋ ਨਾਥ ! ਵਿਖਾ ਦੇ ਹਾਥ ! *(ਕੌਡੀਆਂ ਸੁਟਦਾ ਹੈ)*। ਬਾਜ਼ੀ ਮੇਰੀ, ਮੇਰੀ, ਹਾ, ਹਾ, ਹਾ, ਭੈਰੋ ਨਾਥ ਕੀ ਜੈ !

ਰਾਮ ਭਜਨੀ : ਰਾਮ ! ਰਾਮ ! ਰਾਮ !

*(ਜੁਆਰੀਏ ਧੌਣ ਮੋੜ ਕੇ ਵੇਖਦੇ ਹਨ।)*

ਪਹਿਲਾ ਜੁਆਰੀਆ : ਆ ਗਈ ਉ। ਲਿਆ ਹੁਣ ਚੂੜੀਆਂ, ਛੇਤੀ ਕਰ।

ਰਾਮ ਭਜਨੀ : ਹੈਂ ! ਤੁਹਾਡੇ ਬੇੜਾ ਗ਼ਰਕ ! ਤੁਸੀਂ ਤਬਾਹ ਕਰ ਛੱਡਿਆ ਇਹਨੂੰ। ਤੁਹਾਨੂੰ ਢਾਈਆਂ ਘੜੀਆਂ ਦੀ ਆਵੇ।

ਪਹਿਲਾ ਜੁਆਰੀਆ : ਸ਼ਾਮੂ ਛੇਤੀ ਕਰ, ਚੂੜੀਆਂ ਲਿਆ।

ਸ਼ਾਮ ਦਾਸ : *(ਰਾਮ ਭਜਨੀ ਨੂੰ)* ਚੂੜੀਆਂ ਕਢ ਦੇ, ਛੇਤੀ ਹੋ।

ਰਾਮ ਭਜਨੀ : ਕਿਸ ਵਾਸਤੇ ? ਜੁਆਰੀਆਂ ਲਈ ?

ਪਹਿਲਾ ਜੁਆਰੀਆ : ਲਿਆ ਭਈ, ਮੈਂ ਪਿਆ ਚੂੜੀਆਂ ਉਡੀਕਦਾ ਆਂ।

ਰਾਮ ਭਜਨੀ : ਨਿਕਲ ਜਾਓ ਇਥੋਂ, ਤੁਹਾਨੂੰ ਫੇਟੀ ਪਵੇ !

ਸ਼ਾਮ ਦਾਸ : ਲਿਆ, ਲਿਆ, ਛੇਤੀ ਕਰ।

ਰਾਮ ਭਜਨੀ : ਇਹ ਵੀ ਚੰਗਾ ਹੋਇਆ, ਮੈਂ ਦਾਨ ਕਰ ਛੱਡਿਆ, ਨਹੀਂ ਤਾਂ ਓਦਾਂ ਵੀ ਜੂਏ ਦੇ ਮੂੰਹ ਈ ਜਾਣੀਆ ਸੀ ਨਾ।

ਪਹਿਲਾ ਜੁਆਰੀਆ : ਵੇਖ ਸ਼ਾਮੂ ! ਬਹਾਨੇ ਪਈ ਕਰਦੀ ਆ। ਆਪ ਜਾ ਕੇ ਕਢ ਲਿਆ।

ਰਾਮ ਭਜਨੀ : ਵੇ ਤੂੰ ਕੌਣ ਏਂ ? ਬੁੱਢੇ ਪਾਂਧੇ ਦਾ ਪੁੱਤਰ ! ਹਾਏ, ਹਾਏ ! ਵੇ ਪਿਓ

ਤੇਰਾ ਲੋਕਾਂ ਦੇ ਦਾਨ ਸਾਂਭਦਾ ਫਿਰਦਾ ਏ ਤੇ ਤੂੰ ਜੂਆ ਖੇਡਦਾ ਏਂ। ਇਹ ਕਰਤੂਤ ਤੁਹਾਡੀ ?

ਜੁਆਰੀਆ : ਹੇ ਮੇਰਾ ਰਾਮ, ਹੇ ਮੇਰੇ ਰਾਮ !! *(ਹਸਦਾ ਹੈ।)*

ਸ਼ਾਮ ਦਾਸ : ਠਹਿਰੋ, *(ਰਾਮ ਭਜਨੀ ਨੂੰ)* ਕੱਢ ਲਿਆ ਚੂੜੀਆਂ ਛੇਤੀ।

ਰਾਮ ਭਜਨੀ : ਲੈ ਜਾ ਇਨ੍ਹਾਂ ਕਲ-ਮੂੰਹਿਆਂ ਨੂੰ ਇਥੋਂ। ਤੁਹਾਨੂੰ ਰਾਮ ਚੁਕ ਲਏ।

ਪਹਿਲਾ ਜੁਆਰੀਆ : ਛੇਤੀ ਕਰ ਭਈ ਚੂੜੀਆਂ ਲਿਆ। ਸਾਨੂੰ ਗਾਲ੍ਹਾਂ ਕਿਉਂ ਪੁਆਉਣ ਡਿਹਾ ਹੋਇਆ ਏਂ ?

ਰਾਮ ਭਜਨੀ : ਵੇ ਚੂੜੀਆਂ ਲੈ ਗਿਆ ਏ ਤੇਰਾ ਪਿਓ। ਜਾ ਹੁਣ ਦਫ਼ਾ ਹੋ ਜਾ ਇਥੋਂ!

ਪਹਿਲਾ ਜੁਆਰੀਆ : *(ਖਿੱਲੀ ਮਾਰ ਕੇ)* ਹੱਛਾ, ਪਿਓ ਲੈ ਗਿਆ ਏ ਮੇਰਾ ? ਇਹ ਵੀ ਚੰਗਾ ਹੋਇਆ।

ਸ਼ਾਮ ਦਾਸ : ਮੈਂ ਕਿਹਾ ਏ ਚੂੜੀਆ ਲਿਆ ਛੇਤੀ। ਸੁਣਦੀ ਨਹੀਂ ਤੂੰ ?

ਰਾਮ ਭਜਨੀ : ਦਫ਼ਾ ਕਰ ਇਨ੍ਹਾਂ ਗਦੂਦਾਂ ਨੂੰ ਇਥੋਂ। ਤੈਨੂੰ ਮੈਂ ਕਿਹਾ ਨਹੀਂ ਪਈ ਮੈਂ ਚੂੜੀਆਂ ਦਾਨ ਕਰ ਛੱਡੀਆਂ ਨੇ ? ਪਾਂਧਾ ਸੰਕਲਪ ਕਰਾ ਗਿਆ ਏ ਅਜ।

ਸ਼ਾਮ ਦਾਸ : ਹੈਂ ! ਹੈਂ ! *(ਜੁਆਰੀਆਂ ਨੂੰ)* ਜੋ ਕੁਝ ਮੈਂ ਦੇਣਾ ਏ, ਮੈਂ ਦੇਵਾਂਗਾ। ਮੇਰਾ ਧਰਮ ਹੋਇਆ, ਪਰ ਇਸ ਵੇਲੇ ਤੁਸੀਂ ਜਾਓ।

ਦੂਜਾ ਜੁਆਰੀਆ : ਚੰਗਾ ਹੱਥ ਖੇਡਿਆ ਏ ਸਾਡੇ ਨਾਲ ਭਈ !

ਰਾਮ ਭਜਨੀ : ਹਾਏ, ਰਾਮ ਤੁਹਾਨੂੰ ਗ਼ਰਕ ਕਰੇ ! ਦਫ਼ਾ ਹੋ ਜਾਓ ਏਥੋਂ !

ਪਹਿਲਾ ਜੁਆਰੀਆ : ਲਿਆ ਭਈ ਲੇਖਾ ਸਾਫ਼ ਕਰ ਨਾ।

ਸ਼ਾਮ ਦਾਸ : ਓ ਮੈਂ ਕੀ ਕਰਾਂ ? ਮੇਰਾ ਘਰ ਲੁਟਿਆ ਗਿਆ ਏ। ਹੁਣ ਰੱਬ ਦਾ ਵਾਸਤਾ ਜੇ ਚਲੇ ਜਾਓ।

ਰਾਮ ਭਜਨੀ : ਹਾਏ ਤੁਸੀਂ ਸੁੱਤੇ ਸੌਂ ਜਾਓ ! ਹਾਏ ਵੇ ਪਾਂਧੇ ਦਿਆ ਪੁੱਤਰਾ ! ਤੂੰ ਵੀ ਕੁਲ ਨੂੰ ਕਲੰਕ ਲਾਇਆ ਈ !

ਸ਼ਾਮ ਦਾਸ : ਜਾਓ, ਭਈ ਜਾਓ, ਮੈਂ ਦੇਵਾਂਗਾ। ਸਭ ਕੁਝ ਗਿਣ-ਗਿਣ ਕੇ ਦੇਵਾਂਗਾ, ਹੁਣ ਜਾਓ।

ਰਾਮ ਭਜਨੀ : ਹਾਏ ਹਨੇਰ ਸਾਈਂ ਦਾ ! ਘੋਰ ਕਲਜੁਗ ਆ ਗਿਆ ! ਪਿਓ ਪਰੋਹਤ ਤੇ ਪੁੱਤ ਜਵਾਰੀਆ ! ਪਿਓ ਦਾਨ ਸਾਂਭੇ ਤੇ ਪੁੱਤ ਜੂਆ ਖੇਡੇ ! ਇਹ ਦਾਨ ਵੀ ਧੋਖਾ, ਫ਼ਰੇਬ, ਪਖੰਡ !

ਸ਼ਾਮ ਦਾਸ : ਦੱਸ ਮੈਨੂੰ ਕੀ ਕੁਝ ਕੀਤਾ ਈ, ਨਹੀਂ ਤੇ ਜਾਨ ਕਢਨਾ ਈਂ।

ਰਾਮ ਭਜਨੀ : ਜੋ ਕੁਝ ਮੇਰਾ ਹੈ ਸੀ, ਗਹਿਣਾ ਕੀ ਤੇ ਕੱਪੜਾ ਕੀ, ਮੈਂ ਸਭ ਕੁਝ ਰਾਮ ਦੇ ਨਾਮ ਦਾਨ ਦੇ ਦਿੱਤਾ ਏ।

**ਔਖੇ ਸ਼ਬਦਾਂ ਦੇ ਅਰਥ**

ਕੁਲ : ਖਾਨਦਾਨ

ਫ਼ਨਾਹ : ਤਬਾਹ

ਸ਼ਾਮ ਦਾਸ : ਮੈਂ ਕਹਿਨਾ ਆਂ, ਮੈਨੂੰ ਦੱਸ ਕੀ ਕੀ ਦਿੱਤਾ ਈ ? ਐਵੇਂ ਚਿੜ ਚਿੜ ਨਾ ਕਰ।

ਰਾਮ ਭਜਨੀ : ਦਸਿਆ ਤੇ ਹੈ ਪਈ ਸਾਰਾ ਗਹਿਣਾ-ਕੱਪੜਾ ਸਭ ਕੁਝ।

ਸ਼ਾਮ ਦਾਸ : ਹੈਂ ! ਹੈਂ ! ਗ਼ਜ਼ਬ ਕੀਤਾ ਤੂੰ, ਮੈਨੂੰ ਤਬਾਹ ਕਰ ਛੱਡਿਆ, ਕੱਖ ਨਹੀਂ ਰਹਿਣ ਦਿੱਤਾ। (ਉਠ ਕੇ ਮਾਰਨ ਪੈਂਦਾ ਹੈ, ਗਿੱਚਿਉਂ ਫੜ ਲੈਂਦਾ ਹੈ।)

ਰਾਮ ਭਜਨੀ : *(ਟੁੱਟੀ ਹੋਈ ਆਵਾਜ਼ ਵਿਚ)* ਰਾਮ ! ਹੇ ਰਾਮ ! ਹੇ ਰਾਮਾ ! ਹੇ ਰਾਮਾ ! ਹੇ ਰਾਮਾ !

ਸ਼ਾਮ ਦਾਸ : *(ਧੱਕਾ ਦੇ ਕੇ)* ਘਰ ਉਜਾੜ ਦਿੱਤਾ ਤੂੰ, ਸਭ ਕੁਝ ਫ਼ਨਾਹ ਕਰ ਦਿੱਤਾ ਤੂੰ।

ਰਾਮ ਭਜਨੀ : *(ਉਠ ਕੇ)* ਤੂੰ ਆਪਣੇ ਆਪ ਨੂੰ ਆਪ ਤਬਾਹ ਕੀਤਾ ਏ। ਰਾਮ ਤੈਨੂੰ ਬਚਾਵੇਗਾ। ਮੈਂ ਸਭ ਕੁਝ ਰਾਮ ਦੇ ਨਾਂ ਲਾ ਦਿੱਤਾ ਏ, ਤੂੰ ਸਭ ਕੁਝ ਜੂਏ ਦੇ ਮੂੰਹ ਗਵਾਇਆ ਏ।

ਸ਼ਾਮ ਦਾਸ : ਮੈਂ ਤੈਨੂੰ ਮਾਰ ਸੁਟਣਾ ਏ, ਛੱਡਣਾ ਨਹੀਂ ਤੈਨੂੰ।

ਰਾਮ ਭਜਨੀ : ਅਗੇ ਤੂੰ ਕਦੋਂ ਘੱਟ ਕੀਤੀ ਹੋਈ ਏ ? ਮੇਰੀ ਥਾਂ ਕੋਈ ਹੋਰ ਹੁੰਦੀ ਤੇ ਜ਼ਹਿਰ ਖਾ ਕੇ ਮਰ ਜਾਂਦੀ।

ਸ਼ਾਮ ਦਾਸ : ਤੇ ਤੂੰ ਕਿਉਂ ਨਾ ਮਰ ਗਈ ? ਚਲੀ ਜਾ ਮੇਰੇ ਅਗੋਂ, ਮੇਰੀਆਂ ਅੱਖਾਂ ਤੋਂ ਦੂਰ ਹੋ ਜਾ, ਨਹੀਂ ਤੇ ਮਾਰ ਸੁਟਾਂਗਾ।

ਰਾਮ ਭਜਨੀ : ਹੇ ਰਾਮ ! ਤੂੰ ਸਭ ਕੁਝ ਵੇਖਦਾ ਏਂ, ਤੂੰ ਸਭ ਕੁਝ ਜਾਣਦਾ ਏਂ। ਮੈਂ ਦੁਨੀਆ ਛੱਡੀ। ਘਰ ਬਾਹਰ, ਅੰਗ-ਸਾਕ, ਸਭ ਛੱਡੇ। ਮੈਂ ਹੁਣ ਇਥੇ ਨਹੀਂ ਰਹਿ ਸਕਦੀ। ਹੇ ਰਾਮ ! ਤੇਰੇ ਬਿਨ ਮੇਰਾ ਹੋਰ ਕੋਈ ਨਹੀਂ। ਹੁਣ ਤੇਰਾ ਰਾਮ ਸਹਾਈ, ਰਾਮ ਸਹਾਈ। ਹੇ ਰਾਮਾ ! ਹੇ ਰਾਮਾ ! ਮੈਂ ਤੇਰੀ !

*(ਚਲੀ ਜਾਂਦੀ ਹੈ ਤੇ ਸ਼ਾਮ ਦਾਸ ਹੱਕਾ-ਬੱਕਾ ਖੜਾ ਹੈ।)*

ਸ਼ਾਮ ਦਾਸ : ਹਾਏ, ਚਲੀ ਗਈ। ਮੈਂ ਹਰ ਪਾਸਿਉਂ ਲੁਟਿਆ ਗਿਆ ! ਓਇ, ਮੈਂ ਕੀ ਕਰਾਂ ! ਹਾਏ ਮੇਰੇ ਰਾਮ, ਹਾਏ ਮੇਰਾ ਰਾਮ, ਰਾਮ ! ਰਾਮ!!

*('ਰਾਮ, ਰਾਮ' ਕੂਕਦਾ ਬਾਹਰ ਨੂੰ ਨੱਠਦਾ ਹੈ ਤੇ ਪਰਦਾ ਡਿਗਦਾ ਹੈ।)*

**ਪ੍ਰੋ. ਆਈ.ਸੀ. ਨੰਦਾ**

## ਟਿੱਪਣੀ

'ਬੇਬੇ ਰਾਮ ਭਜਨੀ' ਇਕਾਂਗੀ ਵਿਚ ਇਕਾਂਗੀਕਾਰ ਨੇ ਵਹਿਮ-ਭਰਮ, ਧਾਰਮਕ ਪਾਖੰਡ, ਸ਼ਰਾਬ ਤੇ ਜੂਏ ਵਰਗੀਆਂ ਸਮਾਜਕ ਬੁਰਾਈਆਂ ਉਪਰ ਵਿਅੰਗ ਕੱਸਿਆ ਹੈ। ਬੇਬੇ ਰਾਮ ਭਜਨੀ ਇਕ ਧਾਰਮਕ ਵਿਚਾਰਾਂ ਵਾਲੀ ਔਰਤ ਹੈ। ਪਰ ਉਸ ਦਾ ਪਤੀ ਸ਼ਰਾਬੀ ਤੇ

ਜੂਏਬਾਜ਼ ਹੈ। ਉਹ ਪੂਜਾ-ਪਾਠ ਵਿਚ ਵਿਸ਼ਵਾਸ ਕਰਦੀ ਹੈ। ਉਹ ਆਪਣੇ ਪਤੀ ਸ਼ਾਮ ਦਾਸ ਦੀਆਂ ਬੁਰੀਆਂ ਆਦਤਾਂ ਤੋਂ ਬਹੁਤ ਦੁਖੀ ਹੈ। ਉਸ ਨੂੰ ਹਮੇਸ਼ਾ ਇਹ ਚਿੰਤਾ ਸਤਾਉਂਦੀ ਹੈ ਕਿ ਉਹ ਘਰ ਦੀਆਂ ਚੀਜ਼ਾਂ ਇੰਝ ਹੀ ਗੁਆ ਦੇਵੇਗਾ। ਇਸ ਹਾਲਤ ਵਿਚ ਉਹ ਇਕ ਸਾਧੂ ਅਤੇ ਪਾਂਧੇ ਨੂੰ ਘਰ ਦੀਆਂ ਕੀਮਤੀ ਵਸਤਾਂ ਦਾਨ ਕਰ ਦਿੰਦੀ ਹੈ। ਇਕ ਗੁਆਂਢਣ ਦੀ ਮਦਦ ਨਾਲ ਉਹ ਇਹ ਨੇਕ ਕੰਮ ਕਰਦੀ ਹੈ। ਉਸ ਦਾ ਪਤੀ ਸ਼ਾਮ ਦਾਸ ਜੂਏ ਵਿਚ ਚੂੜੀਆਂ ਹਾਰ ਜਾਣ ਉਪਰੰਤ ਜਦੋਂ ਬੇਬੇ ਰਾਮ ਭਜਨੀ ਤੋਂ ਚੂੜੀਆਂ ਦੀ ਮੰਗ ਕਰਦਾ ਹੈ ਤਾਂ ਉਹ ਦਾਨ-ਪੁੰਨ ਕਰਨ ਦਾ ਸਾਰਾ ਸੱਚ ਬਿਆਨ ਕਰ ਦਿੰਦੀ ਹੈ। ਹਕੀਕਤ ਦਾ ਪਤਾ ਲੱਗਣ ਉਪਰ ਸ਼ਾਮ ਦਾਸ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰਨ ਲਗਦਾ ਹੈ। ਜੂਏ ਵਿਚ ਹੋਈ ਹਾਰ ਦੇ ਨਾਲ-ਨਾਲ ਘਰ ਦੀਆਂ ਕੀਮਤੀ ਚੀਜ਼ਾਂ ਦਾਨ ਕਰਨ ਦਾ ਉਸ ਨੂੰ ਸਦਮਾ ਲਗਦਾ ਹੈ। ਉਹ ਵੀ ਅਖੀਰ ਵਿਚ ਰਾਮ-ਰਾਮ ਦਾ ਜਾਪ ਕਰਦਾ ਬਾਹਰ ਵੱਲ ਦੌੜਦਾ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਰਾਮ ਭਜਨੀ ਕੌਣ ਹੈ ?

(ii) ਪਾਂਧੇ ਨੂੰ ਰਾਮ ਭਜਨੀ ਕੋਲ ਕੌਣ ਲੈ ਕੇ ਆਉਂਦਾ ਹੈ ?

(iii) ਰਾਮ ਭਜਨੀ ਨੂੰ 'ਦੁਸ਼ਾਲਾ' ਦਾਨ ਕਰਨ ਲਈ ਕੌਣ ਆਖਦਾ ਹੈ ?

(iv) ਵਕੀਲ ਨੇ ਪਾਂਧੇ ਨੂੰ ਕਿਉਂ ਬੁਲਾਇਆ ਸੀ ?

(v) ਰਾਮ ਭਜਨੀ ਨੇ ਰੇਸ਼ਮੀ ਕੁੜਤੇ ਕਿਸ ਲਈ ਰੱਖੇ ਸਨ ?

(vi) ਅੰਮ੍ਰਿਤਸਰ ਤੋਂ ਕੌਣ ਆਇਆ ਸੀ ?

(vii) ਸ਼ਾਮ ਦਾਸ, ਰਾਮ ਭਜਨੀ ਤੋਂ ਕਿਸ ਚੀਜ਼ ਦੀ ਮੰਗ ਕਰਦਾ ਹੈ।

(viii) 'ਮੈਂ ਹਰ ਪਾਸਿਉਂ ਲੁੱਟਿਆ ਗਿਆ। ਓਇ, ਮੈਂ ਕੀ ਕਰਾਂ', ਇਹ ਕੌਣ ਤੇ ਕਿਉਂ ਬੋਲਦਾ ਹੈ। ਉੱਤਰ 100 ਸ਼ਬਦਾਂ ਵਿਚ ਲਿਖੋ।

(ix) ਇਕਾਂਗੀ ਦੇ ਵਿਸ਼ੇ-ਵਸਤੂ ਤੇ ਵਿਚਾਰ ਕਰੋ।

(x) ਬੇਬੇ ਰਾਮ ਭਜਨੀ ਦਾ ਚਰਿੱਤਰ ਆਪਣੇ ਸ਼ਬਦਾਂ ਵਿਚ ਲਿਖੋ।

## ਆਉ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ**

(i) ਕੀ ਤੁਸੀਂ ਦਾਨ-ਪੁੰਨ ਕਰਨ ਵਿਚ ਵਿਸ਼ਵਾਸ ਕਰਦੇ ਹੋ ? ਆਪਣੇ ਵਿਚਾਰ ਦਲੀਲਾਂ ਸਹਿਤ ਲਿਖੋ।

(ii) ਤੁਹਾਡੇ ਵਿਚਾਰ ਅਨੁਸਾਰ ਪਾਖੰਡੀ ਸਾਧੂਆਂ ਜਾਂ ਬਾਬਿਆਂ ਤੋਂ ਸਮਾਜ ਨੂੰ ਕਿਵੇਂ ਛੁਟਕਾਰਾ ਦੁਆਇਆ ਜਾ ਸਕਦਾ ਹੈ ? ਵਿਸਤਾਰ ਵਿਚ ਲਿਖੋ।

(iii) 'ਨਸ਼ੇ ਤੇ ਜੂਏ ਵਰਗੀਆਂ ਸਮਾਜਕ ਬੁਰਾਈਆਂ ਘਰ-ਪਰਿਵਾਰ ਨੂੰ ਤਬਾਹ ਕਰ ਦਿੰਦੀਆਂ ਹਨ।' ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ ? ਆਪਣੇ ਸੁਝਾਅ ਪੇਸ਼ ਕਰੋ।

**ਅ. ਇਕਾਂਗੀ ਵਿਚੋਂ ਅਖਾਣ-ਮੁਹਾਵਰੇ ਲੱਭ ਕੇ ਉਨ੍ਹਾਂ ਨੂੰ ਵਾਕਾਂ ਵਿਚ ਬਦਲੋ।**

**ੲ. ਇਸ ਇਕਾਂਗੀ ਨੂੰ ਮੰਚ ਉੱਪਰ ਖੇਡਣ ਵਾਸਤੇ ਲੋੜੀਂਦੀ ਸਮੱਗਰੀ ਦੀ ਸੂਚੀ ਤਿਆਰ ਕਰੋ। ਚਾਰਟ ਉਪਰ ਮੰਚਨ ਦਾ ਇਕ ਸਕੈੱਚ ਬਣਾਉ।**

**ਸ. ਪਾਠ ਵਿਚੋਂ ਵਿਸਮਕ ਵਾਕਾਂ ਨੂੰ ਲੱਭ ਕੇ ਉਨ੍ਹਾਂ ਦੀਆਂ ਕਿਸਮਾਂ ਵੀ ਦੱਸੋ।**

**ਹ. ਹੇਠਾਂ ਲਿਖਿਆਂ ਦੇ ਜੋੜੇ ਬਣਾਉ :**

ਕੁੜਤੀ – ਬਾਂਹ
ਗੜਵਾ – ਪੋਸ਼ਾਕ
ਚੂੜੀਆਂ – ਪਾਣੀ